Prepp

Practice, Learn and Achieve Your Goal with Prepp

# UGC NET Exam

## Punjabi

Simplifying

**Government Exams**

SSC CHSL | IAS EXAM | RRB NTPC | NTSE | CDS | SSC CGL | CBSE UGC NET | IBPS PO | NDA | SBI PO | IBPS CLERK | AFCAT | SSC JE | CTET | CSIR UGC NET | CAPF | IBPS RRB

www.prepp.in

# PAPER-II
# PUNJABI

**Signature and Name of Invigilator**

1. (Signature) ______________________

   (Name) ______________________

2. (Signature) ______________________

   (Name) ______________________

OMR Sheet No. : ..........................................

(To be filled by the Candidate)

Roll No. | | | | | | | | |

(In figures as per admission card)

Roll No.______________________________

(In words)

**D 2 4 1 2**

Time : **1 1/4** hours] [Maximum Marks : **100**

Number of Pages in this Booklet : **12** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** Ⓐ Ⓑ ● Ⓓ
   where (C) is the correct response.
5. Your responses to the items are to be indicated in the **OMR Sheet given inside the Paper I Booklet only.** If you mark at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, you will render yourself liable to disqualification.
9. You have to return the test question booklet and Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. पहले पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचास बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है ।
   **उदाहरण :** Ⓐ Ⓑ ● Ⓓ
   जबकि (C) सही उत्तर है ।
5. प्रश्नों के उत्तर **केवल प्रश्न पत्र I के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर प्रश्न-पुस्तिका एवं मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर OMR पत्रक की डुप्लीकेट प्रति अपने साथ ले जा सकते हैं ।
10. **केवल नीले/काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई अंक काटे नहीं जाएँगे ।**



Latest Sarkari Jobs, Govt Exam Results, Vacancies and updates on one click
Know More

## PUNJABI
## ਪੰਜਾਬੀ
## Paper-II
## ਪ੍ਰਸ਼ਨ ਪੱਤਰ-II

**Note :** This paper contains **fifty (50)** objective type questions, each question carrying **two (2)** marks. Attempt **all** the questions.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਜਾਹ (50)** ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ ਦੋ **(2)** ਅੰਕ ਹਨ । **ਸਭ** ਪ੍ਰਸ਼ਨਾਂ ਦੇ ਉੱਤਰ ਦਿਓ ।

**1.** ਭਾਸ਼ਾ ਦੇ ਬੁਨਿਆਦੀ ਤੱਤ ਹਨ :

(A) ਉਚਾਰ-ਸ੍ਰੋਤ, ਚਿਹਨ-ਪ੍ਰਣਾਲੀ, ਆਪਹੁਦਰਾਪਣ

(B) ਪਰੰਪਰਾ, ਸ਼੍ਰਵਣ-ਸ੍ਰੋਤ, ਸੰਚਾਰ-ਸਾਧਨ

(C) ਵਿਸਤਾਰਮੁਖਤਾ, ਸਵੈ-ਇੱਛਿਤ, ਪ੍ਰਸਾਰਨ

(D) ਦੋਹਰੀ ਗੋਂਦ, ਧੁਨੀਆਤਮਕ, ਸਵੈ-ਸਮਰੱਥ

**2.** ਭਾਸ਼ਾ-ਵਿਗਆਨ ਦੇ ਮੂਲ ਪ੍ਰਵਰਗ ਹਨ :

(A) ਵਿਆਕਰਨ, ਧੁਨੀ-ਵਿਗਿਆਨ, ਵਾਕ-ਵਿਗਿਆਨ

(B) ਧੁਨੀ-ਵਿਗਿਆਨ, ਅਰਥ-ਵਿਗਿਆਨ, ਵਾਕ-ਵਿਗਿਆਨ

(C) ਰੂਪ-ਵਿਗਿਆਨ, ਸ਼ਬਦਜੋੜ-ਵਿਗਿਆਨ, ਵਿਆਕਰਨ

(D) ਧੁਨੀ-ਵਿਗਿਆਨ, ਸੰਚਾਰ-ਪ੍ਰਣਾਲੀ, ਅਰਥ-ਪ੍ਰਣਾਲੀ

**3.** ਭਾਸ਼ਾ ਦੀ ਉਪਯੁਕਤ ਪਰਿਭਾਸ਼ਾ ਹੈ :

(A) ਭਾਸ਼ਾ ਮਨੁੱਖੀ ਸੰਚਾਰ ਦਾ ਮਾਧਿਅਮ ਹੈ

(B) ਭਾਸ਼ਾ ਧੁਨੀਆਤਮਕ ਸੰਰਚਨਾ ਹੈ

(C) ਭਾਸ਼ਾ ਚਿਹਨਾਤਮਕ ਪ੍ਰਣਾਲੀ ਹੈ

(D) ਉਪਰੋਕਤ ਤਿੰਨੇ ਸਹੀ ਹਨ

**4.** ਭਾਸ਼ਾ-ਵਿਗਿਆਨ ਦਾ ਖੇਤਰ ਹੈ :

(A) ਇਤਿਹਾਸ ਭਾਸ਼ਾ-ਵਿਗਿਆਨ, ਮਾਨਵ ਭਾਸ਼ਾ-ਵਿਗਿਆਨ, ਸ਼ੈਲੀ-ਵਿਗਿਆਨ

(B) ਵਿਆਕਰਨ, ਵਾਕ-ਵਿਗਿਆਨ, ਅਰਥ-ਵਿਗਿਆਨ

(C) ਸਮਾਜ ਭਾਸ਼ਾ-ਵਿਗਿਆਨ, ਚਿਹਨ-ਵਿਗਿਆਨ, ਮਨੋ ਭਾਸ਼ਾ-ਵਿਗਿਆਨ

(D) ਧੁਨੀ-ਵਿਗਿਆਨ, ਰੂਪ-ਵਿਗਿਆਨ, ਲਿਪੀ-ਵਿਗਿਆਨ

**5.** ਪੰਜਾਬੀ ਭਾਸ਼ਾ ਦਾ ਮੁੱਖ ਲੱਛਣ ਹੈ :

(A) ਰੂਪਾਤਮਕਤਾ

(B) ਧੁਨੀਆਤਮਕਤਾ

(C) ਵਿਸ਼ਲੇਸ਼ਣਾਤਮਕਤਾ

(D) ਸੁਰਾਤਮਕਤਾ



Latest Sarkari Jobs, Govt Exam Results, Vacancies and updates on one click
Know More

6. ਰੋਲਾਂ ਵਾਰਤ ਦਾ ਸੰਕਲਪ ਹੈ :

(A) ਚਿਹਨ ਅਤੇ ਚਿਹਨਕ

(B) ਚਿਹਨ ਅਤੇ ਚਿਹਨਿਤ

(C) ਯੋਗਤਾ ਤੇ ਨਿਭਾਉ

(D) ਪਾਠ ਤੇ ਪ੍ਰਵਚਨ

7.

| | ਸੂਚੀ-I | | ਸੂਚੀ-II |
|---|---|---|---|
| a. | ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ | 1. | ਹਰਕੀਰਤ ਸਿੰਘ |
| b. | ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ | 2. | ਪ੍ਰੇਮ ਪ੍ਰਕਾਸ਼ ਸਿੰਘ |
| c. | ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ | 3. | ਦੁਨੀ ਚੰਦ੍ਰ |
| d. | ਪੰਜਾਬੀ ਵਿਆਕਰਣ | 4. | ਜੀ.ਬੀ. ਸਿੰਘ |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 1 | 2 | 3 |
| (B) | 3 | 1 | 2 | 4 |
| (C) | 2 | 3 | 4 | 1 |
| (D) | 1 | 3 | 2 | 4 |

8.

| | ਸੂਚੀ-I | | ਸੂਚੀ-II |
|---|---|---|---|
| a. | A Reference Grammar of Punjabi | 1. | ਪ੍ਰੇਮ ਪ੍ਰਕਾਸ਼ ਸਿੰਘ |
| b. | ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ | 2. | ਹਰਕੀਰਤ ਸਿੰਘ |
| c. | Introduction to Theoretical Linguistics | 3. | Gill and Gleason |
| d. | ਭਾਸ਼ਾ ਤੇ ਭਾਸ਼ਾ-ਵਿਗਿਆਨ | 4. | John Lyons |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 2 | 3 | 1 |
| (B) | 3 | 1 | 2 | 4 |
| (C) | 3 | 1 | 4 | 2 |
| (D) | 1 | 2 | 3 | 4 |

9. ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥਹੀਣ ਇਕਾਈ ਹੈ :

(A) ਭਾਵਾਂਸ਼

(B) ਸ਼ਬਦ

(C) ਵਾਕ

(D) ਧੁਨੀ



Latest Sarkari Jobs, Govt Exam Results, Vacancies and updates on one click Know More

10. ਪੰਜਾਬ ਦੇ ਕੋਮਲ ਤਾਲਵੀ ਵਿਅੰਜਨ ਹਨ :

(A) ਟ, ਠ, ਡ

(B) ਕ, ਖ, ਗ

(C) ਮ, ਨ, ਙ

(D) ਚ, ਛ, ਜ

11. ਹੇਠ ਲਿਖੇ ਵਿਦਵਾਨਾਂ ਦਾ ਸਹੀ ਕ੍ਰਮ ਹੈ :

(A) ਹਰਕੀਰਤ ਸਿੰਘ, ਬਲਵੀਰ ਸਿੰਘ ਸੰਧੂ, ਸੰਤ ਸਿੰਘ ਸੇਖੋਂ

(B) ਪਿਆਰਾ ਸਿੰਘ ਪਦਮ, ਵਿਦਿਆ ਭਾਸਕਰ ਅਰੁਣ, ਜੁਗਿੰਦਰ ਸਿੰਘ ਪੁਆਰ

(C) ਹਰਜੀਤ ਸਿੰਘ ਗਿੱਲ, ਦੁਨੀ ਚੰਦ੍ਰ, ਪਿਆਰਾ ਸਿੰਘ ਪਦਮ

(D) ਦੁਨੀ ਚੰਦ੍ਰ, ਪ੍ਰੇਮ ਪ੍ਰਕਾਸ਼ ਸਿੰਘ, ਹਰਜੀਤ ਸਿੰਘ ਗਿੱਲ

12. 'ਦੁਆਬੀ' ਉਪਭਾਸ਼ਾ ਦਾ ਖੇਤਰ ਹੈ :

(A) ਲੁਧਿਆਣਾ, ਰੋਪੜ, ਕਪੂਰਥਲਾ

(B) ਨਵਾਂ ਸ਼ਹਿਰ, ਕਪੂਰਥਲਾ, ਜਲੰਧਰ

(C) ਬਠਿੰਡਾ, ਗੁਰਦਾਸਪੁਰ, ਅਮ੍ਰਿਤਸਰ

(D) ਪਟਿਆਲਾ, ਰੋਪੜ, ਸੰਗਰੂਰ

13. ਪਾਕਿਸਤਾਨੀ ਪੰਜਾਬੀ ਦੀ ਲਿਪੀ ਹੈ :

(A) ਗੁਰਮੁਖੀ

(B) ਰੋਮਨ

(C) ਦੇਵਨਾਗਰੀ

(D) ਸ਼ਾਹਮੁਖੀ

14. **(A) ਕਥਨ :** ਭਾਸ਼ਾ ਤੇ ਵਿਚਾਰ ਇਕੋ ਹੀ ਕਾਰਜ ਦੇ ਦੋ ਪੱਖ ਹਨ ਵਿਚਾਰ ਉਸ ਦਾ ਪਰੋਖ ਰੂਪ ਹੈ ਤੇ ਭਾਸ਼ਾ ਪ੍ਰੱਤਖ । ਜੇ ਭਾਸ਼ਾ ਨਾ ਹੁੰਦੀ ਤਾਂ ਮਨੁੱਖ ਪਸ਼ੂ ਅਵਸਥਾ ਤੋਂ ਬਹੁਤਾ ਉਚੇਰਾ ਨਾ ਉੱਠ ਸਕਦਾ ।

**(R) ਕਾਰਨ :** ਸੋ, ਮਨੁੱਖ ਦੀ ਵਿਚਾਰ ਸ਼ਕਤੀ ਜਾਂ ਸੂਝ ਦਾ ਵਿਕਾਸ ਭਾਸ਼ਾ ਦੇ ਸਹਾਰੇ ਵੀ ਹੋਇਆ ਹੈ ਅਤੇ ਭਾਸ਼ਾ ਤੋਂ ਬਗ਼ੈਰ ਵੀ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਹੈ, (R) ਆਂਸ਼ਿਕ ਤੌਰ ਤੇ ਸਹੀ ਹੈ

(B) (A) ਗ਼ਲਤ ਹੈ, (R) ਸਹੀ ਹੈ

(C) (A) ਅਤੇ (R) ਦੋਵੇਂ ਸਹੀ ਹਨ

(D) (A) ਆਂਸ਼ਿਕ ਤੌਰ ਤੇ ਸਹੀ ਹੈ, (R) ਗ਼ਲਤ ਹੈ



Latest Sarkari Jobs, Govt Exam Results, Vacancies and updates on one click
Know More

15. **(A) ਕਥਨ :** ਪੰਜਾਬੀ ਮੁੱਖ ਰੂਪ ਵਿਚ ਸੰਜੋਗਾਤਮਕ ਭਾਸ਼ਾ ਹੈ, ਪਰ ਇਸ ਵਿਚ ਵਿਜੋਗਾਤਮਕ ਭਾਸ਼ਾ ਦੇ ਲੱਛਣ ਵੀ ਮੌਜੂਦ ਹਨ ।

**(R) ਕਾਰਨ :** ਪੰਜਾਬੀ ਦੀ ਉਪਭਾਸ਼ਾ ਲਹਿੰਦੀ ਵੀ ਸੰਜੋਗਾਤਮਕ ਹੈ, ਪਰ ਭਾਰਤੀ ਆਰੀਆ ਭਾਸ਼ਾਵਾਂ ਵਿਚ ਸਿੰਧੀ ਸਭ ਤੋਂ ਵੱਧ ਸੰਜੋਗਾਤਮਕ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਸਹੀ ਹਨ

(B) (A) ਸਹੀ ਹੈ, (R) ਗ਼ਲਤ ਹੈ

(C) (A) ਗ਼ਲਤ ਹੈ, (R) ਸਹੀ ਹੈ

(D) (A) ਅਤੇ (R) ਦੋਵੇਂ ਅਾਂਸ਼ਿਕ ਰੂਪ ਵਿਚ ਸਹੀ ਹਨ

16. ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਕਾਵਿ ਦਾ ਪ੍ਰਕਾਰਜ ਹੈ :

(A) ਧਰਮ, ਅਰਥ, ਕਾਮ, ਮੋਕਸ਼

(B) ਜਸ, ਆਨੰਦ, ਮੋਕਸ਼, ਮੰਗਲ

(C) ਸਤਿਅਮ, ਸ਼ਿਵਮ, ਸੁੰਦਰਮ, ਸ਼ਿੰਗਾਰ

(D) ਰਸ, ਔਚਿਤਯ, ਅਰਥ, ਰੀਤੀ

17. ਮੁਕਤਕ ਕਾਵਿ ਦਾ ਆਧਾਰ ਹੈ :

(A) ਬਿਰਤਾਂਤ

(B) ਵਰਣਨ

(C) ਚਿੱਤਰਨ

(D) ਦ੍ਰਿਸ਼

18. ਧੁਨੀ-ਸਿਧਾਂਤ ਦਾ ਸੰਸਥਾਪਕ ਹੈ :

(A) ਭਰਤ ਮੁਨੀ

(B) ਮੰਮਟ

(C) ਵਿਸ਼ਵਨਾਥ

(D) ਆਨੰਦ ਵਰਧਨ

19. ਰਸ ਨਿਸ਼ਪੱਤੀ ਦਾ ਆਧਾਰ ਹੈ :

(A) ਵਕ੍ਰੋਕਤੀ, ਰੀਤੀ, ਔਚਿਤਯਾ ਦਾ ਸੰਜੋਗ

(B) ਰਸ, ਧੁਨੀ, ਅਲੰਕਾਰ ਦਾ ਸੰਜੋਗ

(C) ਵਿਭਾਵ, ਅਨੁਭਾਵ, ਵਿਭਚਾਰੀ ਦਾ ਸੰਜੋਗ

(D) ਉਪਰੋਕਤ ਵਿਚੋਂ ਕੋਈ ਵੀ ਨਹੀਂ

20. ਸੰਰਚਨਾਵਾਦ ਦਾ ਕਿਸ ਪ੍ਰਮਾਲੀ ਨਾਲ ਨੇੜਲਾ ਸੰਬੰਧ ਹੈ :

(A) ਅਰਸਤੂਵਾਦੀ ਪ੍ਰਣਾਲੀ

(B) ਸਮਾਜ-ਸ਼ਾਸਤਰੀ ਪ੍ਰਣਾਲੀ

(C) ਮਨੋਵਿਗਿਆਨਕ ਪ੍ਰਣਾਲੀ

(D) ਇਤਿਹਾਸਵਾਦੀ ਪ੍ਰਣਾਲੀ



Latest Sarkari Jobs, Govt Exam Results, Vacancies and updates on one click
Know More

**21.** ਚਿਹਨ-ਵਿਗਿਆਨਕ ਪ੍ਰਣਾਲੀ ਦਾ ਮੋਢੀ ਵਿਦਵਾਨ ਹੈ :

(A) ਰੋਲਾਂ ਵਾਰਤ

(B) ਅੰਬਰਟੋ ਈਕੋ

(C) ਜੋਨਾਥਨ ਕੁਲਰ

(D) ਸਾਸਿਉਰ

**22.** **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| a. ਨਾਟਯ ਸ਼ਾਸਤਰ | 1. ਵਿਸ਼ਵਨਾਥ |
| b. ਸਾਹਿਤ ਦਰਪਣ | 2. ਵਾਮਨ |
| c. ਵਕ੍ਰੋਕਤੀ ਕਾਵਿ ਜੀਵਿਤ | 3. ਭਰਤ ਮੁਨੀ |
| d. ਰੀਤੀ | 4. ਕੁੰਤਕ |

ਉਪਰੋਕਤ ਦਾ ਸਹੀ ਮੇਲਾਨ ਹੈ :

| | a | b | c | d |
|---|---|---|---|---|
| (A) | 1 | 2 | 3 | 4 |
| (B) | 3 | 1 | 4 | 2 |
| (C) | 4 | 3 | 1 | 2 |
| (D) | 2 | 4 | 2 | 3 |

**23.** **(A) ਕਥਨ :** ਆਲੋਚਨਾ ਵਿਚ ਰਚਨਾ ਦੇ ਸਾਰੇ ਸੰਦਰਭਾਂ ਦਾ ਪੂਰਾ ਮਹੱਤਵ ਹੁੰਦਾ ਹੈ । ਰਚਨਾ ਦੇ ਅੰਦਰਲੇ ਵੇਰਵੇ, ਬਾਹਰਲੇ ਸੰਦਰਭ ਤੇ ਇਤਿਹਾਸਕ ਪਾਸਾਰ ਆਦਿ ਸਭ ਵਿਚਾਰਨ ਤੇ ਵਿਸ਼ਲੇਸ਼ਣ ਦੇ ਯੋਗ ਹੁੰਦੇ ਹਨ ।

**(R) ਕਾਰਨ :** ਇਸੇ ਲਈ ਆਲੋਚਨਾ ਇਕ ਅਜੇਹੇ ਸਭਿਆਚਾਰਕ ਕਾਰਜ ਦਾ ਰੂਪ ਧਾਰਦਾ ਹੈ, ਜਿਸ ਵਿਚ ਵਸਤੂ ਵਿਸ਼ਲੇਸ਼ਣ ਹੀ ਮੁੱਖ ਕਾਰਜ ਹੁੰਦਾ ਹੈ ਅਤੇ ਵਸਤੂ ਤੇ ਰੂਪ ਦਾ ਸੰਗਠਨ ਗੌਣ ਰੂਪੀ ਹੋ ਜਾਂਦਾ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਗ਼ਲਤ ਹੈ, (R) ਸਹੀ ਹੈ

(B) (A) ਅਤੇ (R) ਦੋਵੇਂ ਸਹੀ ਹਨ

(C) (A) ਸਹੀ ਹੈ, (R) ਗ਼ਲਤ ਹੈ

(D) (A) ਆਂਸ਼ਿਕ ਸਹੀ ਹੈ ਅਤੇ (R) ਸਹੀ ਹੈ

**24.** **(A) ਕਥਨ :** ਸਾਹਿਤ-ਇਤਿਹਾਸਕਾਰ ਸਾਹਿਤ ਦੇ ਅਧਿਐਨ ਲਈ ਇਸ ਦੀ ਵਿਚਾਰਧਾਰਾ ਤੇ ਸਭਿਆਚਾਰਕ ਪਰਿਪੇਖਾਂ ਨੂੰ ਪੂਰੀ ਤਰ੍ਹਾਂ ਧਿਆਨ ਵਿਚ ਰਖਦਾ ਹੈ । ਇਸ ਤੋਂ ਇਲਾਵਾ ਰਾਜਸੀ ਤੇ ਸਮਾਜਕ ਪੱਖਾਂ ਦਾ ਯੋਗਦਾਨ ਦੇਖਣਾ ਵੀ ਜ਼ਰੂਰੀ ਹੁੰਦਾ ਹੈ ।

**(R) ਕਾਰਨ :** ਪਰ ਸਾਹਿਤ-ਇਤਿਹਾਸ ਨਿਰੋਲ ਜੀਵਨੀਮੂਲਕ ਨਹੀਂ ਹੁੰਦਾ, ਇਸ ਲਈ ਇਸ ਵਿਚ ਜੀਵਨੀ ਦੇ ਵਿਭਿੰਨ ਪੱਖਾਂ ਦਾ ਅਹਿਮ ਸਥਾਨ ਨਹੀਂ ਹੋ ਸਕਦਾ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਸਹੀ ਹੈ, (R) ਗ਼ਲਤ ਹੈ

(B) (A) ਗ਼ਲਤ ਹੈ, (R) ਸਹੀ ਹੈ

(C) (A) ਅਤੇ (R) ਦੋਵੇਂ ਸਹੀ ਹਨ

(D) (A) ਆਂਸ਼ਿਕ ਸਹੀ ਹੈ, (R) ਗ਼ਲਤ ਹੈ



Latest Sarkari Jobs, Govt Exam Results, Vacancies and updates on one click
Know More

25. ਨਿਮਨਲਿਖਿਤ ਦਾ ਸਹੀ ਕਾਲਕ੍ਰਮ ਦੱਸੋ :

(A) ਵਾਰਿਸਸ਼ਾਹ, ਗੁਰੂ ਗੋਬਿੰਦ ਸਿੰਘ, ਨਜਾਬਤ, ਬੁਲ੍ਹੇਸ਼ਾਹ

(B) ਸ਼ਾਹ ਹੁਸੈਨ, ਗੁਰੂ ਅਰਜਨ ਦੇਵ, ਵਾਰਿਸ ਸ਼ਾਹ, ਪੀਰ ਮੁਹੰਮਦ

(C) ਦਮੋਦਰ, ਗੁਰੂ ਤੇਗ ਬਹਾਦਰ, ਸ਼ਾਹ ਹੁਸੈਨ, ਅਗਰਾ

(D) ਗੁਰੂ ਨਾਨਕ ਦੇਵ, ਹਾਸ਼ਿਮ ਸ਼ਾਹ, ਸ਼ਾਹ ਮੁਹੰਮਦ, ਸੁਲਤਾਨ ਬਾਹੂ

26.

| | ਸੂਚੀ-I | | ਸੂਚੀ-II |
|---|---|---|---|
| a. | ਪੰਜਾਬੀ ਬਾਰਾਂਮਾਹੇ | 1. | ਗੰਡਾ ਸਿੰਘ |
| b. | ਪੰਜਾਬੀ ਸਾਹਿਤ ਦਾ ਸ੍ਰੋਤਮੂਲਕ ਇਤਿਹਾਸ | 2. | ਸੁਰਿੰਦਰ ਸਿੰਘ ਨਰੂਲਾ |
| c. | ਪੰਜਾਬ ਦੀਆਂ ਵਾਰਾ | 3. | ਪਿਆਰਾ ਸਿੰਘ ਪਦਮ |
| d. | ਪੰਜਾਬੀ ਸਾਹਿਤ ਦਾ ਇਤਿਹਾਸ | 4. | ਰਤਨ ਸਿੰਘ ਜੱਗੀ |

ਉਪਰੋਕਤ ਦਾ ਸਹੀ ਮੇਲਾਨ ਹੈ :

| | a | b | c | d |
|---|---|---|---|---|
| (A) | 4 | 2 | 3 | 1 |
| (B) | 1 | 2 | 3 | 4 |
| (C) | 2 | 3 | 4 | 1 |
| (D) | 3 | 4 | 1 | 2 |

27.

| | ਸੂਚੀ-I | | ਸੂਚੀ-II |
|---|---|---|---|
| a. | ਜੁਝਾਰਵਾਦੀ | 1. | ਅਜਾਇਬ ਕਮਲ |
| b. | ਪ੍ਰਯੋਗਵਾਦੀ | 2. | ਸੁਰਿੰਦਰ ਸਿੰਘ ਨਰੂਲਾ |
| c. | ਰਹੱਸਵਾਦੀ | 3. | ਅਵਤਾਰ ਸਿੰਘ ਪਾਸ਼ |
| d. | ਯਥਾਰਥਵਾਦੀ | 4. | ਭਾਈ ਵੀਰ ਸਿੰਘ |

ਉਪਰੋਕਤ ਦਾ ਸਹੀ ਮੇਲਾਨ ਹੈ :

| | a | b | c | d |
|---|---|---|---|---|
| (A) | 3 | 1 | 4 | 2 |
| (B) | 1 | 2 | 3 | 4 |
| (C) | 4 | 3 | 2 | 1 |
| (D) | 2 | 4 | 1 | 3 |

28.

| | ਸੂਚੀ-I | | ਸੂਚੀ-II |
|---|---|---|---|
| a. | ਕਾਫੀ | 1. | ਰਵਿੰਦਰ ਰਵੀ |
| b. | ਸ਼ਲੋਕ | 2. | ਮੋਹਨ ਸਿੰਘ ਦੀਵਾਨਾ |
| c. | ਕਾਵਿ-ਨਾਟ | 3. | ਗ਼ੁਲਾਮ ਫ਼ਰੀਦ |
| d. | ਰੁਬਾਈ | 4. | ਗੁਰੂ ਅੰਗਦ ਦੇਵ |

ਉਪਰੋਕਤ ਦਾ ਸਹੀ ਮੇਲਾਨ ਹੈ :

| | a | b | c | d |
|---|---|---|---|---|
| (A) | 4 | 3 | 2 | 1 |
| (B) | 3 | 4 | 1 | 2 |
| (C) | 1 | 2 | 3 | 4 |
| (D) | 2 | 3 | 4 | 3 |



Latest Sarkari Jobs, Govt Exam Results, Vacancies and updates on one click
Know More

29. ਸਾਹਿਤ ਦੀ ਕਾਲ-ਵੰਡ ਦਾ ਪ੍ਰਮਾਣਿਕ ਆਧਾਰ ਹੈ

(A) ਇਤਿਹਾਸਕ ਕਾਲਕ੍ਰਮ

(B) ਪ੍ਰਮੁਖ ਲੇਖਕ ਕ੍ਰਮ

(C) ਸਾਹਿਤਕ ਪ੍ਰਵਿਰਤੀ

(D) ਧਾਰਮਿਕ-ਰਾਜਨੀਤਿਕ ਧਾਰਾ

30. ਮਾਰਕਸਵਾਦੀ ਆਲੋਚਨਾ ਪ੍ਰਣਾਲੀ ਦੇ ਵਿਦਵਾਨਾਂ ਦਾ ਸਹੀ ਜੁੱਟ ਹੈ :

(A) ਅਤਰ ਸਿੰਘ, ਤੇਜਵੰਤ ਸਿੰਘ ਗਿੱਲ, ਤਰਲੋਕ ਸਿੰਘ ਕੰਵਰ

(B) ਟੀ.ਆਰ. ਵਿਨੋਦ, ਕੇਸਰ ਸਿੰਗ ਕੇਸਰ, ਸੁਤਿੰਦਰ ਸਿੰਘ ਨੂਰ

(C) ਜਸਵੀਰ ਸਿੰਗ ਆਹਲੂਵਾਲੀਆ, ਕੁਲਵੀਰ ਸਿੰਘ ਕਾਂਗ, ਨਜਮ ਹੁਸੈਨ ਸੱਯਦ

(D) ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਰਵਿੰਦਰ ਸਿੰਘ ਰਵੀ

31. ਪੰਜਾਬੀ ਅਧਿਆਤਮਿਕ ਵਾਰ ਵਿਚ ਟੱਕਰ ਹੈ :

(A) ਗੁਰਮੁਖ ਤੇ ਮਨਮੁਖ ਵਿਚ

(B) ਦੇਵ ਤੇ ਦੈਂਤ ਵਿਚ

(C) ਨਾਇਕ ਤੇ ਖਲਨਾਇਕ ਵਿਚ

(D) ਪਾਰਲੌਕਿਕ ਤੇ ਲੌਕਿਕ ਵਿਚ

32. ਕਿਹੜਾ ਜੁੱਟ ਸਹੀ ਨਹੀਂ ਹੈ :

(A) ਪੰਜਾਬ ਦੇ ਲੋਕ ਗੀਤ – ਮਹਿੰਦਰ ਸਿੰਘ ਰੰਧਾਵਾ

(B) ਗਿੱਧਾ – ਦੇਵਿੰਦਰ ਸਤਿਆਰਥੀ

(C) ਮੌਲੀ ਤੇ ਮਹਿੰਦੀ – ਅਮ੍ਰਿਤਾ ਪ੍ਰੀਤਮ

(D) ਨੈਂ ਝਨਾਂ – ਹਰਿੰਦਰ ਸਿੰਘ ਮਹਿਬੂਬ

33. ਕਿਹੜਾ ਜੁੱਟ ਸਹੀ ਹੈ :

(A) ਤੋਤਾ ਮੈਨਾ – ਪ੍ਰੇਮ ਕਥਾ

(B) ਦੁੱਲਾ ਭੱਟੀ – ਦੰਤ ਕਥਾ

(C) ਸ਼ਾਹ ਬਹਿਰਾਮ – ਹਰੀ ਕਥਾ

(D) ਮਿਰਜ਼ਾ ਸਾਹਿਬਾਂ – ਮਿੱਥ ਕਥਾ

34. 'ਪੱਲੇ ਨਾ ਧੇਲਾ ਕਰਦੀ ਮੇਲਾ ਮੇਲਾ' ਦਾ ਭਾਵ ਹੈ :

(A) ਪੈਸਿਆਂ ਮਗਰ ਦੌੜਨਾ

(B) ਮੇਲਿਆਂ ਦੀ ਸ਼ੌਂਕਣ ਹੋਣਾ

(C) ਵਿੱਤੋਂ ਵਾਹਰਾ ਆਸਵੰਦ ਹੋਣਾ

(D) ਵਧੇਰੇ ਉਤਸਵ ਮੇਲੇ ਦੇਖਣਾ



Latest Sarkari Jobs, Govt Exam Results, Vacancies and updates on one click
Know More

35. ਸਾਹਿਤ ਅਤੇ ਲੋਕ ਸਾਹਿਤ ਦੇ ਨਿਖੇੜੇ ਦਾ ਮੁੱਖ ਆਧਾਰ ਹੈ :

(A) ਮੌਖਿਕਤਾ

(B) ਲੌਕਿਕਤਾ

(C) ਰੂੜ੍ਹੀ

(D) ਅਨੁਸ਼ਠਾਨ

36. ਮਿੱਥ ਕਥਾ ਅਤੇ ਦੰਤ ਕਥਾ ਦਾ ਭੇਦਕ ਲੱਛਣ ਹੈ :

(A) ਲੋਕਮੁਖਤਾ

(B) ਇਤਿਹਾਸਮੁਖਤਾ

(C) ਪੁਰਾਣਮੁਖਤਾ

(D) ਪਰਲੋਕਮੁਖਤਾ

37. **(A) ਕਥਨ :** ਲੋਕਯਾਨ ਦਾ ਚਿਹਨ-ਵਿਗਿਆਨਕ ਅਧਿਐਨ ਇਕਾਲਕ ਅਧਿਐਨ ਹੈ । ਲੋਕਯਾਨ ਪੀੜ੍ਹੀ-ਦਰ-ਪੀੜ੍ਹੀ ਚਲਦਾ ਹੋਇਆ ਪਰੰਪਰਾਗਤ ਹੋ ਨਿਬੜਦਾ ਹੈ । ਇਥੇ ਲੋਕਯਾਨ ਦੇ ਪਰੰਪਰਾਗਤ ਸੁਭਾ ਦਾ ਜ਼ਿਆਦਾ ਮਹੱਤਵ ਨਹੀਂ ਰਹਿ ਜਾਂਦਾ ।

**(R) ਕਾਰਨ :** ਕਿਉਂਕਿ ਲੋਕਯਾਨ ਨੂੰ ਚਿਹਨ-ਪ੍ਰਬੰਧ ਵਜੋਂ ਪੜ੍ਹਨ ਲਈ ਸਾਨੂੰ ਪਾਠ-ਪ੍ਰਬੰਧ ਨੂੰ ਨਿਸ਼ਚਿਤ ਕਰਨਾ ਪੈਂਦਾ ਹੈ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਸਹੀ ਹਨ

(B) (A) ਆਂਸ਼ਿਕ ਸਹੀ ਹੈ, (R) ਗ਼ਲਤ ਹੈ

(C) (R) ਆਂਸ਼ਿਕ ਸਹੀ ਹੈ, (A) ਗ਼ਲਤ ਹੈ

(D) (A) ਅਤੇ (R) ਦੋਵੇਂ ਗ਼ਲਤ ਹਨ

38. ਹੇਠ ਲਿਖਿਆਂ ਵਿਚ ਲੋਕ ਖੇਡਾਂ ਦਾ ਸਹੀ ਜੁੱਟ ਹੈ :

(A) ਕੋਟਲਾ ਛਪਾਕੀ, ਅੱਡੀ ਟੱਪਾ, ਹਾਕੀ

(B) ਚਿੜੀ ਛਿੱਕਾ, ਖਿੱਦੋ ਖੂੰਡੀ, ਲੁਕਣ ਮੀਟੀ

(C) ਖਿੱਦੋ ਖੂੰਡੀ, ਕਬੱਡੀ, ਗੁੱਲੀ ਡੰਡਾ

(D) ਲੁਡੋ, ਚੌਪੜ, ਸ਼ਤਰੰਜ

39. ਹੇ ਲਿਖਿਆਂ ਵਿਚੋਂ ਕਿਹੜਾ ਲੋਕ ਪਹਿਰਾਵਾ ਨਹੀਂ ਹੈ :

(A) ਸਲਵਾਰ ਕਮੀਜ਼

(B) ਕੁੜਤਾ ਪਜਾਮਾ

(C) ਪੈਂਟ ਕਮੀਜ਼

(D) ਅਚਕਨ ਪਜਾਮੀ

40. ਲੋਕ ਗਹਿਣਿਆਂ ਦਾ ਸਹੀ ਜੁੱਟ ਹੈ :

(A) ਕੈਂਠਾ, ਮਾਲਾ

(B) ਲੌਂਗ, ਸੱਗੀਫੁੱਲ

(C) ਗੋਖੜੂ, ਤੜਾਗੀ

(D) ਪੰਜੇਬ, ਮੁੰਦਰਾਂ

41. ਲੋਕ ਵਿਸ਼ਵਾਸ਼ਾਂ ਦਾ ਕਿਹੜਾ ਰੂਪ ਸਹੀ ਨਹੀਂ ਹੈ :

(A) ਸੁੱਖਣਾ – ਮਨੌਤ

(B) ਧਾਗਾ – ਤਵੀਤ

(C) ਟੂਣਾ – ਟੋਟਕਾ

(D) ਕੁੱਕੜ – ਬਾਂਗ



Latest Sarkari Jobs, Govt Exam Results, Vacancies and updates on one click
Know More

42. ਲੋਕ ਰੀਤੀ ਰਿਵਾਜ ਦਾ ਸਹੀ ਜੁੱਟ ਹੈ :

(A) ਵਾਰਾ ਫੇਰਾ, ਮੱਥਾ ਚੁੰਮਣਾ

(B) ਪਾਣੀ ਵਾਰਨਾ, ਵਾਗ ਫੜਨੀ

(C) ਵਾਰਨਾ, ਸਿੰਗਾਰਨਾ

(D) ਨਿਓਂਦਰਾ ਪਾਉਣਾ, ਹਾਰ ਸ਼ਿੰਗਾਰ

43. ਲੋਕ ਮਨੋਰੰਜਨ ਦੇ ਸਾਧਨਾਂ ਦਾ ਸਹੀ ਜੁੱਟ ਹੈ :

(A) ਤਮਾਸ਼ਾ, ਨਕਲ

(B) ਕਵੀਸ਼ਰੀ, ਢੱਡ ਸਾਰੰਗੀ

(C) ਰਾਸ ਲੀਲਾ, ਕਬੂਤਰ ਬਾਜ਼ੀ

(D) ਨੌਟੰਕੀ, ਪਤੰਗਬਾਜ਼ੀ

44. ਗੁਰਵਾਣੀ ਅਧਿਐਨ ਖੇਤਰ ਦਾ ਪ੍ਰਮੁਖ ਖੋਜਕਾਰ ਹੈ :

(A) ਸੰਤ ਸਿੰਘ ਸੇਖੋਂ

(B) ਦਰਸ਼ਨ ਸਿੰਘ

(C) ਤਾਰਨ ਸਿੰਘ

(D) ਹਰਿਭਜਨ ਸਿੰਘ

45. ਆਧੁਨਿਕ ਪੰਜਾਬੀ ਸਾਹਿਤ ਅਧਿਐਨ ਖੇਤਰ ਦਾ ਪ੍ਰਮੁਖ ਖੋਜਕਾਰ ਹੈ :

(A) ਹਰਿਭਜਨ ਸਿੰਘ

(B) ਦੀਵਾਨ ਸਿੰਘ

(C) ਸੁਰਿੰਦਰ ਸਿੰਘ ਕੋਹਲੀ

(D) ਰਤਨ ਸਿੰਘ ਜੱਗੀ

46. ਪੰਜਾਬੀ ਲੋਕਧਾਰਾ ਖੇਤਰ ਦਾ ਪ੍ਰਮੁਖ ਖੋਜਕਾਰ ਹੈ :

(A) ਕਰਨੈਲ ਸਿੰਘ ਥਿੰਦ

(B) ਮਹਿੰਦਰ ਸਿੰਘ ਰੰਧਾਵਾ

(C) ਵਣਜਾਰਾ ਬੇਦੀ

(D) ਦੇਵਿੰਦਰ ਸਤਿਆਰਥੀ

47. **(A) ਕਥਨ :** ਖੋਜ ਕਾਰਜ ਵਿਚ ਪ੍ਰਮਾਣਿਤ ਸਟਾਈਲਸ਼ੀਟ ਦੀ ਵਰਤੋਂ ਇਕ ਲਾਜ਼ਮੀ ਪੱਖ ਹੈ । ਇਸ ਕਾਰਜ ਲਈ ਐਮ ਐਲ ਦੇ ਸਟਾਈਲਸ਼ੀਟ ਨੂੰ ਸੰਸਾਰ ਪੱਧਰ ਉਪਰ ਪ੍ਰਮਾਣਿਕਤਾ ਦਾ ਦਰਜਾ ਹਾਸਿਲ ਹੈ ।

**(R) ਕਾਰਨ :** ਐਮ ਐਲ ਦੇ ਸਟਾਈਲਸ਼ੀਟ ਵਿਚ ਕਿਸੇ ਵੀ ਪੰਜਾਬੀ ਵਿਦਵਾਨ ਨੇ ਕੋਈ ਤਬਦੀਲੀ ਨਹੀਂ ਲਿਆਂਦੀ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਸਹੀ ਹਨ

(B) (A) ਸਹੀ ਹੈ, (R) ਆਂਸ਼ਿਕ ਸਹੀ ਹੈ

(C) (A) ਅਤੇ (R) ਦੋਵੇਂ ਗ਼ਲਤ ਹਨ

(D) (A) ਸਹੀ ਹੈ, (R) ਗ਼ਲਤ ਹੈ



Latest Sarkari Jobs, Govt Exam Results, Vacancies and updates on one click
Know More

48. (A) **ਕਥਨ :** ਖੋਜ ਅਤੇ ਆਲੋਚਨਾ ਦੇ ਖੇਤਰ ਅੱਡ ਅੱਡ ਹਨ ਅਤੇ ਸੰਸਾਰ ਪੱਧਰ ਦੀ ਖੋਜ ਵਿਧੀ ਵਿਚ ਪੂਰਨ ਸਪਸ਼ਟਤਾ ਦਿਖਾਈ ਦਿੰਦੀ ਹੈ ।

(R) **ਕਾਰਨ :** ਪਰ ਪੰਜਾਬੀ ਵਿਚ ਖੋਜ ਤੇ ਆਲੋਚਨਾ ਦੇ ਪਰਸਪਰ ਅੰਤਰ ਸੰਬੰਧੀ ਚੋਖਾ ਰੋਲਘਚੋਲਾ ਮੌਜੂਦ ਹੈ ਤੇ ਪੰਜਾਬੀ ਦੇ ਸਾਰੇ ਵਿਦਵਾਨ ਇਨ੍ਹਾਂ ਦੋਹਾਂ ਵਿਚ ਅੰਤਰ ਕਰਨ ਤੋਂ ਅਸਮਰੱਥ ਦਿਖਾਈ ਦਿੰਦੇ ਹਨ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (R) ਸਹੀ ਹੈ, (A) ਆਂਸ਼ਿਕ ਸਹੀ ਹੈ

(B) (A) ਸਹੀ ਹੈ, (R) ਆਂਸ਼ਿਕ ਸਹੀ ਹੈ

(C) (A) ਗ਼ਲਤ ਹੈ, (R) ਆਂਸ਼ਿਕ ਸਹੀ ਹੈ

(D) (R) ਗ਼ਲਤ ਹੈ, (A) ਆਂਸ਼ਿਕ ਸਹੀ ਹੈ

ਹੇਠਾਂ ਦਿੱਤੇ ਪੈਰੇ ਦੇ ਆਧਾਰ ਤੇ **49** ਅਤੇ **50** ਪ੍ਰਸ਼ਨਾਂ ਦੇ ਉੱਤਰ ਦਿਓ :

ਕਿੱਸਾਕਾਰੀ ਪੰਜਾਬੀ ਸਾਹਿਤ ਦੀ ਇਕ ਵਿਲੱਖਣ ਅਤੇ ਮਹੱਤਵਪੂਰਨ ਕਾਵਿ-ਪਰੰਪਰਾ ਹੈ ਜਿਹੜੀ ਪਿਛਲੇ ਚਾਰ ਸੌ ਵਰ੍ਹਿਆਂ ਤੋਂ ਲਗਾਤਾਰ ਚਲੀ ਆ ਰਹੀ ਹੈ । ਕਾਲ-ਵੰਡ ਦੀਆਂ ਹੱਦਾਂ ਇਸ ਨੂੰ ਕਿਸੇ ਵਿਸ਼ੇਸ਼ ਹੱਦਬੰਦੀ ਵਿਚ ਜਕੜ ਨਹੀਂ ਸਕੀਆਂ । ਅੱਜ ਤਕ ਲਿਖੇ ਜਾ ਚੁਕੇ ਕਿੱਸੇ ਪੰਜਾਬੀ ਕਾਵਿ-ਸਾਹਿਤ ਦੀ ਸੰਪੂਰਨ ਸਾਮੱਗਰੀ ਤੋਂ ਕਿਤੇ ਜ਼ਿਆਦਾ ਹਨ । ਇਨ੍ਹਾਂ ਵਿਚ ਰੁਮਾਂਸ ਅਤੇ ਪ੍ਰੇਮ ਦਾ ਅਨੋਖਾ ਮਿਸ਼੍ਰਨ ਹੋਇਆ ਹੈ । ਪੰਜਾਬੀ ਸਾਹਿਤ ਵਿਚ ਗਲਪ ਅਤੇ ਦੁਖਾਂਤ ਸਾਹਿਤ ਦੀਆਂ ਪਰੰਪਰਾਵਾਂ ਦਾ ਆਰੰਭ ਵੀ ਇਨ੍ਹਾਂ ਤੋਂ ਹੀ ਹੋਇਆ ਪ੍ਰਤੀਤ ਹੁੰਦਾ ਹੈ । ਇਨ੍ਹਾਂ ਵਿਚ ਸੂਫ਼ੀ ਅਧਿਆਤਮਵਾਦ ਦੀ ਸਥਾਪਨਾ ਨਹੀਂ ਹੋਈ, ਹਰ ਥਾਂ ਭੌਤਿਕਤਾ ਵਿਦਮਾਨ ਹੈ । ਇਨ੍ਹਾਂ ਵਿਚ ਪੰਜਾਬੀਆਂ ਦਾ ਉਭਰਦਾ ਉਤਸਾਹ ਅਤੇ ਅਸੀਮ ਅਭਿਮਾਨ ਸੰਚਿਤ ਹੈ । ਇਨ੍ਹਾਂ ਦੀ ਰਚਨਾ 'ਬਹੁ-ਜਨ-ਸੁਖਾਇ' ਨਿਮਿਤ ਹੋਈ ਸੀ । ਇਨ੍ਹਾਂ ਵਿਚ ਪ੍ਰਚਲਿਤ ਰੀਤੀ ਰਿਵਾਜਾਂ, ਵਿਸ਼ਵਾਸਾਂ ਅਤੇ ਭਾਵਧਾਰਾਵਾਂ ਦਾ ਪੂਰੀ ਤਰ੍ਹਾਂ ਵਰਣਨ ਮਿਲਦਾ ਹੈ ।

49. ਉਪਰੋਕਤ ਪੈਰੇ ਦਾ ਕੇਂਦਰੀ ਥੀਮ ਹੈ :

(A) ਪੰਜਾਬੀ ਕਿੱਸਾਕਾਰੀ ਦਾ ਵਿਆਪਕ ਸੰਦਰਭ

(B) ਪੰਜਾਬੀ ਕਿੱਸਾਕਾਰੀ ਦੀ ਕਾਲ-ਵੰਡ

(C) ਪੰਜਾਬੀ ਕਿੱਸਾ ਸਾਹਿਤ ਵਿਚ ਰੁਮਾਂਸ ਤੇ ਪ੍ਰੇਮ ਦਾ ਮਿਸ਼੍ਰਨ

(D) ਪੰਜਾਬੀ ਗਲਪ ਉਪਰ ਪੰਜਾਬੀ ਕਿੱਸਿਆਂ ਦਾ ਪ੍ਰਭਾਵ

50. ਉਪਰੋਕਤ ਪੈਰੇ ਦੇ ਤਰਕ ਅਨੁਸਾਰ :

(A) ਇਸ ਵਿਚ ਸੂਫ਼ੀ ਅਤੇ ਭੌਤਿਕ ਰੰਗ ਮਿਲਦਾ ਹੈ

(B) ਪੰਜਾਬੀ ਕਿੱਸਾ ਕਾਵਿ ਪ੍ਰਚਲਿਤ ਵਿਸ਼ਵਾਸਾਂ ਉਪਰ ਆਧਾਰਿਤ ਹੈ

(C) ਪੰਜਾਬੀ ਕਿੱਸਾਕਾਰੀ ਦੀ ਸਾਮੱਗਰੀ ਵਿਸ਼ਾਲ ਤੇ ਸਮੱਗਰ ਹੈ

(D) ਪੰਜਾਬੀ ਸਾਹਿਤ ਦੀਆਂ ਪਰੰਪਰਾਵਾਂ ਦਾ ਆਰੰਭ ਕਿੱਸਿਆਂ ਤੋਂ ਹੋਇਆ ਸੀ



Latest Sarkari Jobs, Govt Exam Results, Vacancies and updates on one click
Know More

prepp

# Latest Sarkari jobs, Govt Exam alerts, Results and Vacancies

- Latest News and Notification
- Exam Paper Analysis
- Topic-wise weightage
- Previous Year Papers with Answer Key
- Preparation Strategy & Subject-wise Books

To know more **Click Here**

www.prepp.in